# ਸਿੰਚਾਈ ਵਿਭਾਗ, ਪੰਜਾਬ

ਰਣਜੀਤ ਸਾਗਰ ਡਿਜਾਈਨ ਸੰਸਥਾ, ਪੰਜਾਬ,

ਐਸ.ਸੀ.ਓ.ਨੰ: 2939-4●,

ਸੈਕਟਰ 22-ਸੀ, ਚੰਡੀਗੜ੍ਹ

## ਦਫਤਰੀ ਜਗ੍ਹਾ ਦੀ ਲੋੜ

ਦਫਤਰ ਡਾਇਰੈਕਟਰ, ਰਣਜੀਤ ਸਾਗਰ ਡੈਮ ਡਿਜਾਈਨ ਸੰਸਥਾ, ਪੰਜਾਬ, ਚੰਡੀਗੜ੍ਹ ਲਈ ਚੰਡੀਗੜ੍ਹ ਵਿਖੇ ਝਗੜਾ ਰਹਿਤ ਕਿਰਾਏ ਦੀ ਇਮਾਰਤ, ਜਿਸ ਵਿੱਚ ਸਾਰੀਆਂ ਲੋੜੀਂਦੀਆਂ ਸਹੂਲਤਾਂ ਜਿਵੇਂ ਪਾਣੀ, ਬਿਜਲੀ, ਬਾਥਰੂਮ ਆਦਿ ਦਾ ਯੋਗ ਪ੍ਰਬੰਧ ਹੋਵੇ ਅਤੇ ਉਸ ਵਿੱਚ ਕਾਰਪੇਟ ਏਰੀਆ ਤਕਰੀਬਨ 4●●● ਵਰਗ ਫੁੱਟ ਉਪਲਬਧ ਹੋਵੇ, ਦੀ ਲੋੜ ਹੈ। ਚਾਹਵਾਨ ਮਾਲਕ ਜਾਂ ਮੈਨੇਜਿੰਗ ਪਾਰਟਨਰ (ਪਾਰਟਨਰਸਿਪ ਦੀ ਸੂਰਤ ਵਿੱਚ) ਜਾਂ ਅਧਿਕਾਰਤ ਏਜੰਟ ਘੱਟੋ ਘੱਟ ਕਿਰਾਇਆ ਪ੍ਰਤੀ ਵਰਗ ਫੁੱਟ ਵਿੱਚ ਦਰਸਾਉਂਦੇ ਹੋਏ ਟੈਂਡਰ ਮਿਤੀ 19.●3.2●14 ਨੂੰ ਦੁਪਹਿਰ ਤੋਂ ਬਾਅਦ 1.●● ਵਜੇ ਤੱਕ ਭੇਜ ਸਕਦੇ ਹਨ। ਟੈਂਡਰ ਨਾਲ 1●●●/-ਰੁਪਏ ਦੀ ਰਕਮ ਦਾ ਬੈਂਕ ਡਰਾਫਟ (ਜੋ ਕਿ ਟੈਂਡਰ ਪ੍ਰਵਾਨ ਨਾ ਹੋਣ ਦੀ ਸੂਰਤ ਵਿੱਚ ਮੋੜਨਯੋਗ ਹੋਵੇਗਾ) ਐਗਜੀਕਿਊਟਿਵ ਇੰਜੀਨੀਅਰ (ਡਿਜਾਈਨ) ਆਫਿਸ ਆਫ ਐਫ.ਏ.ਐਂਡ ਸੀ.ਏ.ਓ, ਆਰ.ਐਸ.ਡੀ.ਪ੍ਰੋਜੈਕਟ, ਸਾਹਪੁਰਕੰਡੀ ਕੈਂਪ ਚੰਡੀਗੜ੍ਹ ਦੇ ਹੱਕ ਵਿੱਚ ਹੋਵੇ, ਭੇਜਣਾ ਜਰੂਰੀ ਹੋਵੇਗਾ। ਟੈਂਡਰ ਮਿਤੀ 19.●3.2●14 ਨੂੰ ਦੁਪਹਿਰ 3.●● ਵਜੇ ਮੌਕੇ ਤੇ ਹਾਜਰ ਆਏ ਟੈਂਡਰਕਾਰਾਂ ਦੇ ਸਾਹਮਣੇ ਨਿਮਨ-ਹਸਤਾਖਰੀ ਦੇ ਦਫਤਰੀ ਕਮਰੇ, ਜੋ ਕਿ ਦਫਤਰ ਡਾਇਰੈਕਟਰ, ਰਣਜੀਤ ਸਾਗਰ ਡੈਮ ਡਿਜਾਈਨ ਸੰਸਥਾ, ਪੰਜਾਬ, ਐਸ.ਸੀ.ਓ. ਨੰਬਰ 2939-4● (ਪਹਿਲੀ ਮੰਜਿਲ), ਸੈਕਟਰ 22-ਸੀ, ਚੰਡੀਗੜ੍ਹ ਵਿਖੇ ਸਥਿਤ ਹੈ, ਵਿਖੇ ਖੋਲ੍ਹੇ ਜਾਣਗੇ। ਸਾਰੇ ਟੈਂਡਰ ਬਿਨਾਂ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਵਿਭਾਗ ਪਾਸ ਰਾਖਵਾਂ ਹੋਵੇਗਾ। ਟੈਂਡਰ ਭਰਨ ਸਮੇਂ ਇਹ ਸਪਸਟ ਤੌਰ ਤੇ ਦਰਸਾਇਆ ਜਾਵੇ ਕਿ ਟੈਂਡਰਕਾਰ ਵਲੋਂ ਟੈਂਡਰ ਬਤੌਰ ਮਾਲਕ ਜਾਂ ਮੈਨੇਜਿੰਗ ਪਾਰਟਨਰ ਜਾਂ ਅਧਿਕਾਰਤ ਏਜੰਟ ਦੀ ਹੈਸੀਅਤ ਵਿੱਚ ਭਰਿਆ ਜਾ ਰਿਹਾ ਹੈ। ਜੇਕਰ ਇਹ ਟੈਂਡਰ ਅਧਿਕਾਰਤ ਏਜੰਟ ਦੇ ਤੌਰ ਤੇ ਭਰਿਆ ਜਾਂਦਾ ਹੈ ਤਾਂ ਇਸ ਸਿਲਸਿਲੇ ਵਿੱਚ ਇਮਾਰਤ ਦੇ ਮਾਲਕ ਵਲੋਂ ਲਿਖਤੀ ਅਥਾਰਿਟੀ/ਪਾਵਰ ਆਫ ਅਟਾਰਨੀ ਦੇ ਦਸਤਾਵੇਜ ਦੀ ਫੋਟੋ ਕਾਪੀ ਵੀ ਸਾਮਲ ਕਰਨੀ ਯਕੀਨੀ ਬਣਾਈ ਜਾਵੇ। ਅਧੂਰੇ/ਕੰਡੀਸaਨਲ ਟੈਂਡਰ ਪ੍ਰਵਾਨ ਨਹੀਂ ਕੀਤੇ ਜਾਣਗੇ। ਵਿਭਾਗ ਵਲੋਂ ਚੁਣੀ ਹੋਈ ਇਮਾਰਤ ਸਬੰਧੀ ਮਾਲਕ ਨਾਲ ਲੋੜੀਂਦਾ ਐਗਰੀਮੈਂਟ ਟੈਂਡਰ ਖੋਲ੍ਹਣ ਦੀ ਮਿਤੀ ਤੋਂ ਬਾਅਦ ਜਲਦੀ ਤੋਂ ਜਲਦੀ ਕੀਤਾ ਜਾਵੇਗਾ। ਸaਰਤਾਂ ਦੀ ਸੂਚੀ ਨਿਮਨਹਸਤਾਖਰੀ ਦੇ ਦਫਤਰ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/-

(ਏ.ਐਸ.ਬਖਸੀ)

ਡਾਇਰੈਕਟਰ/ਪ੍ਰਸਾਸਨ

ਰਣਜੀਤ ਸਾਗਰ ਡੈਮ ਡਿਜਾਈਨ ਸੰਸਥਾ

ਆਈ.ਬੀ, ਪੰਜਾਬ, ਐਸ.ਸੀ.ਓ.2939-4●

ਸੈਕਟਰ 22-ਸੀ, ਚੰਡੀਗੜ੍ਹ